# आओ मात जी तवाडा मंदर सजाया ऐ- आशीष बँसी

( ਜੇ ਤੂੰ ਨਾ ਕਰੇਂ ਤੇ ਕਰੇ ਕੇਹੜਾ,
ਮੇਰੀਆਂ ਸਭੇ ਜਰੂਰਤਾਂ ਪੂਰੀਆਂ ਨੂੰ ।
ਮਾਂ,,, ਲੋਕੀ ਵੇਖਦੇ ਐਬ ਗੁਨਾਹ ਮੇਰੇ,
ਤੇ ਮੈਂ ਵੇਖਾਂ ਰਹਿਮਤਾਂ ਤੇਰੀਆਂ ਨੂੰ ॥ )

ਆਓ ਮਾਤ ਜੀ, ਤੁਹਾਡਾ ਮੰਦਿਰ ਸਜਾਇਆ ਏ ॥
*ਜੋਤ ਜਗਾ ਕੇ ਤੁਹਾਨੂੰ, ਘਰ 'ਚ ਬੁਲਾਇਆ ਏ ॥,,
ਆਓ ਮਾਤ ਜੀ, ਤੁਹਾਡਾ,,,,,,,,,,,,,,,,

ਚੰਦਨ ਦੀ ਚੌਂਕੀ ਉੱਤੇ, ਆਸਣ ਵਿਛਾ ਕੇ ਮਾਂ ।
ਤੇਰੀ ਸੋਹਣੀ ਮੂਰਤ ਨੂੰ, ਫੁੱਲਾਂ ਨਾਲ ਸਜਾ ਕੇ ਮਾਂ ॥
*ਜੋਤ ਨੂਰਾਨੀ ਵਿੱਚ ਮੈਂ, ਧਿਆਨ ਲਗਾਇਆ ਏ ॥,,
ਆਓ ਮਾਤ ਜੀ, ਤੁਹਾਡਾ,,,,,,,,,,,,,,,,

ਸੋਨੇ ਦਾ ਗੜਵਾ, ਗੰਗਾ ਜਲ ਪਾਣੀ ਮਾਂ ।
ਆ ਕੇ ਇਸ਼ਨਾਨ, ਰਚਾਓ ਮਹਾਂ ਰਾਣੀ ਮਾਂ ॥
*ਕੇਸਰ ਰੋਲੀ ਦਾ ਮੱਥੇ, ਤਿਲਕ ਲਗਾਇਆ ਏ ॥,,
ਆਓ ਮਾਤ ਜੀ, ਤੁਹਾਡਾ,,,,,,,,,,,,,,,,

ਗੋਟੇ ਤੇ ਕਿਨਾਰੀ ਵਾਲੀ, ਚੁੰਨੀ ਮੈਂ ਬਣਾਈ ਮਾਂ ।
ਭੇਟਾ ਜੇ ਕਬੂਲ ਕਰੇ, ਤੇਰੀ ਵਡਿਆਈ ਮਾਂ ॥
*ਮੇਵੇ ਤੇ ਫ਼ਲਾਂ ਦਾ ਮੈਂ, ਭੋਗ ਲਗਾਇਆ ਏ ॥,,
ਆਓ ਮਾਤ ਜੀ, ਤੁਹਾਡਾ,,,,,,,,,,,,,,,,,

ਧਿਆਨੂੰ ਭਗਤ ਦੀ ਜਿਵੇਂ, ਲਾਜ਼ ਬਚਾਈ ਮਾਂ ।
ਬਾਣੀਏ ਆਵਾਜ਼ ਮਾਰੀ, ਦੌੜੀ ਚਲੀ ਆਈ ਮਾਂ ॥
*ਓ ਬੰਸੀ ਭਗਤ ਵੀ ਲਾਲ ਤੇਰਾ, ਓਹਨੂੰ ਕਿਓਂ ਭੁਲਾਇਆ ਏ ॥,,
ਆਓ ਮਾਤ ਜੀ, ਤੁਹਾਡਾ,,,,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/25220/title/aao-maat-ji-tuhada-mandir-sajaya-eh

अपने Android मोबाइल पर BhajanGanga App डाउनलोड करें और भजनों का आनंद ले |